This question paper contains 2 printed pages]

**Roll No.** | | | | | | | | | | | |

S. No. of Question Paper : **111**

Unique Paper Code : **212182** **D**

Name of the Paper : **Punjabi 'B' (C.P. 1.4)**

Name of the Course : **B.Com. (Prog.) Punjabi**

Semester : **I**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸਦਿਆਂ, ਵਾਕ ਬਣਾਉ : 5
   ੳ) ਉਸਤਾਦੀ ਕਰਨੀ
   ਅ) ਇਕ ਅੱਖ ਨਾਲ ਵੇਖਣਾ
   ੲ) ਸੱਤੀ ਕੱਪੜੀਂ ਅੱਗ ਲੱਗਣੀ
   ਸ) ਹੱਥ ਤੰਗ ਹੋਣਾ
   ਹ) ਨੌਂ ਦੋ ਗਿਆਰ੍ਹਾਂ ਹੋਣਾ।

2. 'ੳ' 'ਅ' ਤੇ 'ੲ' ਨਾਲ ਕਿਹੜੀਆਂ ਮਾਤ੍ਰਾਵਾਂ ਲੱਗਦੀਆਂ ਹਨ? 5
   ਜਾਂ
   'ਹ' ਦੀ ਵਰਤੋਂ ਦੇ ਨਿਯਮ ਲਿਖੋ।

3. ਅਲੰਕਾਰ ਦੀ ਪਰਿਭਾਸ਼ਾ ਕੀ ਹੈ? ਇਸ ਦੀਆਂ ਕਿਸਮਾਂ ਬਾਰੇ ਦੱਸੋ। 10
   ਜਾਂ
   'ਰੂਪਕ' ਤੇ 'ਅੱਤਕਥਨੀ' ਅਲੰਕਾਰਾਂ ਬਾਰੇ ਚਰਚਾ ਕਰੋ।

4. ਹੇਠ ਲਿਖੇ ਵਾਕਾਂ ਵਿਚਲੇ 'ਲਿੰਗ' ਬਦਲ ਕੇ, ਵਾਕ ਨੂੰ ਦੁਬਾਰਾ ਲਿਖੋ : 10
   ੳ) ਕੁੱਤੇ ਨੂੰ ਰੋਟੀ ਖੁਆ ਦਿਉ।
   ਅ) ਗਾਂ ਪੱਠੇ ਖਾਂਦੀ ਹੈ
   ੲ) ਮੁੰਡੇ ਨੇ ਘੋੜੇ 'ਤੇ ਸਵਾਰੀ ਕੀਤੀ।

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ : 15
   "ਸਮਾਂ ਕਦੇ ਰੁਕਦਾ ਨਹੀਂ। ਜੀਵਨ ਵਿਚ ਸਮੇਂ ਦੀ ਕਦਰ ਕਰਨ ਵਾਲਾ ਵਿਅਕਤੀ ਹੀ ਸਫ਼ਲਤਾ ਦੀ ਪਉੜੀ 'ਤੇ ਚੜ੍ਹਦਾ ਹੈ। ਸਮੇਂ ਨੂੰ ਵਿਹਲਿਆਂ ਕੰਮਾਂ ਵਿਚ ਬਤੀਤ ਕਰਨ ਵਾਲਾ ਵਿਆਕਤੀ ਹੱਥ ਮਲਦਾ ਹੀ ਰਹਿ ਜਾਂਦਾ ਹੈ। ਸਮੇਂ ਦੀ ਅਯੋਗ ਜਾਂ ਯੋਗ ਵਰਤੋਂ ਹੀ ਮਨੁੱਖ ਨੂੰ ਉੱਚਾ ਚੁੱਕਦੀ ਜਾਂ ਡੇਗਦੀ ਹੈ। ਜਦੋਂ ਭਾਰਤੀਆਂ ਨੇ ਸਮੇਂ ਦੀ ਨਬਜ਼ ਨੂੰ ਪਛਾਣ ਕੇ, ਇਕ ਮੁੱਠ ਹੋ ਕੇ ਅੰਗ੍ਰੇਜ਼ਾਂ ਨਾਲ ਟਾਕਰਾ ਕੀਤਾ ਤਾਂ ਹੀ ਸਾਨੂੰ ਸੁਤੰਤਰਤਾ ਦੀ ਪ੍ਰਾਪਤੀ ਹੋਈ, ਨਹੀਂ ਤਾਂ ਅਜੇ ਵੀ ਅਸੀਂ ਗੁਲਾਮ ਰਹਿੰਦੇ।"
   ੳ) ਢੁੱਕਵਾਂ ਸਿਰਲੇਖ ਲਿਖੋ।
   ਅ) ਵਿਅਕਤੀ ਦੀ ਸਫ਼ਲਤਾ ਦਾ ਕੀ ਰਾਜ਼ ਹੈ?
   ੲ) ਸਾਨੂੰ ਉਪਰੋਕਤ ਪੈਰ੍ਹੇ ਤੋਂ ਕੀ ਸਿਖਿਆ ਮਿਲਦੀ ਹੈ?
   ਸ) ਉਪਰੋਕਤ ਪੈਰ੍ਹੇ 'ਚੋਂ ਨਾਵਾਂ ਦੀ ਪਛਾਣ ਕਰੋ।
   ਹ) ਸਮੇਂ ਦੀ ਕਦਰ ਕਿਵੇਂ ਕੀਤੀ ਜਾ ਸਕਦੀ ਹੈ?

6. ਹੇਠਾਂ ਲਿਖੇ ਰੇਖਾ-ਚਿੱਤਰਾਂ ਵਿਚੋਂ ਕਿਸੇ ਇਕ ਦਾ ਸਾਰ ਲਿਖੋ : 15
ੳ) ਨਾਟਕ ਦੀ ਨੱਕੜ-ਦਾਦੀ
ਅ) ਨਿੱਕੀ ਕਹਾਣੀ ਦਾ ਬਾਦਸ਼ਾਹ
ੲ) ਪੂਰਨ ਸਿੰਘ

7. 'ਗਦ-ਪ੍ਰਵਾਹ' ਪਾਠ-ਪੁਸਤਕ ਵਿਚੋਂ ਕਿਸੇ ਇਕ ਲੇਖ ਦੇ ਵਿਸ਼ੇ-ਵਸਤੂ ਬਾਰੇ ਵਿਸਤਾਰ ਨਾਲ ਲਿਖੋ। 15